LifeLabs®
Medical Laboratory Services

# ਵੀਰਜ ਦੇ ਨਮੂਨੇ ਲੈਣੇ
## *ਮਰੀਜ਼ ਲਈ ਹਿਦਾਇਤਾਂ / ਮੁਲਾਕਾਤ ਕਾਰਡ*

**ਆਪਣੇ ਨਮੂਨੇ ਛੱਡਣ ਲਈ ਸਮਾਂ, ਮਿਤੀ ਅਤੇ ਸਥਾਨ ਨਿਯਤ ਕਰਨ ਵਾਸਤੇ ਸਥਾਨ/ਸਮਿਆਂ ਬਾਰੇ ਪਤਾ ਕਰਨ ਲਈ ਕਿਰਪਾ ਕਰਕੇ ਵੈਬਸਾਈਟ (www.lifelabs.com) ਦੇਖੋ, ਜਾਂ LifeLabs ਨੂੰ ਫ਼ੋਨ ਕਰੋ:**
ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8:00 ਤੋਂ ਦੁਪਹਿਰ ਬਾਅਦ 4:00 ਵਜੇ ਤਕ (ਸਰਕਾਰੀ ਛੁੱਟੀਆਂ ਨੂੰ ਛੱਡ ਕੇ)।
604-412-4495 'ਤੇ ਫ਼ੋਨ ਕਰੋ ਅਤੇ ਲੈਬੋਰਟਰੀ ਦੇ ਕਰਮਚਾਰੀ ਨਾਲ ਗੱਲ ਕਰਨ ਲਈ 3 ਦਬਾਓ।

ਤੁਹਾਡੇ ਡਾਕਟਰ ਨੇ ਨਿਸ਼ਾਨ ਲਗਾਏ ਅਨੁਸਾਰ [√] ਤੁਹਾਡੇ ਵੀਰਜ ਦੀ ਜਾਂਚ ਕੀਤੇ ਜਾਣ ਦੀ ਬੇਨਤੀ ਕੀਤੀ ਹੈ।

| | |
|---|---|
| **[ ]** ਪ੍ਰਜਨਨ ਸ਼ਕਤੀ ਨਮੂਨੇ: ਕਦਮ 1-6 ਦੀ ਪਾਲਣਾ ਕਰੋ | **[ ]** ਨਸਬੰਦੀ ਤੋਂ ਬਾਅਦ ਦੇ ਨਮੂਨੇ: ਕਦਮ 2-6 ਦੀ ਪਾਲਣਾ ਕਰੋ |

ਇਹ ਯਕੀਨੀ ਬਣਾਉਣ ਲਈ ਕਿ ਲੈਬੋਰਟਰੀ ਦੇ ਨਤੀਜੇ ਸਹੀ ਆਉਣ, ਤੁਹਾਨੂੰ ਇਹਨਾਂ ਹਿਦਾਇਤਾਂ ਦੀ **ਇੰਨ-ਬਿਨ** ਪਾਲਣਾ ਕਰਨੀ ਚਾਹੀਦੀ ਹੈ।

1. ਅਜਿਹੀ ਕੋਈ ਸੈਕਸ ਗਤੀਵਿਧੀ **ਨਾ ਕਰੋ** ਜਿਸ ਕਾਰਨ ਤੁਹਾਡੇ ਨਮੂਨੇ ਲੈਣ ਤੋਂ ਪਹਿਲਾਂ ਦੇ 48 ਘੰਟਿਆਂ ਦੇ ਅੰਦਰ ਤੁਹਾਡਾ ਵੀਰਜ ਬਾਹਰ ਨਿਕਲੇ।
   ਨਮੂਨਾ ਲੈਣ ਤੋਂ ਪਹਿਲਾਂ ਸੱਤ ਦਿਨਾਂ ਤੋਂ ਵੱਧ ਲਈ ਸੈਕਸ ਸਬੰਧੀ ਗਤੀਵਿਧੀ ਤੋਂ ਪਰਹੇਜ਼ **ਨਾ ਕਰੋ।**
2. **ਮੁੱਠ ਮਾਰ ਕੇ (ਹਸਤ ਮੈਥੁਨ ਦੁਆਰਾ)** , ਪੂਰਾ ਨਮੂਨਾ ਲੈਬੋਰਟਰੀ ਵਲੋਂ ਮੁਹੱਈਆ ਕੀਤੀ ਗਈ ਡੱਬੀ ਵਿੱਚ ਪਾ ਦਵੋ।
   ਕੋਈ ਹੋਰ ਡੱਬੀ, ਕੰਡੋਮ, ਜਾਂ ਕਿਸੇ ਕਿਸਮ ਦਾ ਲੁਬਰੀਕੈਂਟ (ਤੇਲ) **ਨਾ ਵਰਤੋ।**
3. ਆਪਣਾ ਨਾਮ ਅਤੇ **ਨਮੂਨਾ ਲੈਣ ਦਾ ਸਮਾਂ** ਡੱਬੀ 'ਤੇ ਲਿਖ ਦਵੋ।
4. ਡੱਬੀ ਨੂੰ ਆਪਣੇ ਸਰੀਰ ਦੇ ਕੋਲ ਰੱਖੋ (ਆਪਣੀ ਜੈਕੇਟ ਦੇ ਅੰਦਰ) ਤਾਂ ਜੋ ਇਹ ਸਰੀਰ ਦੇ ਤਾਪਮਾਨ 'ਤੇ ਰਹੇ।
5. ਡੱਬੀ ਨੂੰ **ਤੁਰੰਤ** (ਨਮੂਨਾ ਲੈਣ ਦੇ 30 ਮਿੰਟਾਂ ਦੇ ਅੰਦਰ) ਮੁਲਾਕਾਤ ਬੁੱਕ ਕਰਨ ਵਾਲੇ ਆਫ਼ਿਸ ਦੇ ਦੁਆਰਾ ਪ੍ਰਬੰਧ ਕੀਤੀ ਕੈਬੋਰਟਰੀ ਕੇਂਦਰ ਵਿੱਚ ਲੈ ਆਓ।
6. ਜਦੋਂ ਤੁਸੀਂ ਲੈਬੋਰਟਰੀ ਵਿੱਚ ਪਹੁੰਚਦੇ ਹੋ, ਤਾਂ ਆਪਣੇ ਦਸਤਖਤ ਕੀਤੇ ਮਰੀਜ਼ ਲਈ ਹਿਦਾਇਤਾਂ ਕਾਰਡ ਅਤੇ ਨਮੂਨੇ ਦੇ ਨਾਲ ਸਿੱਧਾ ਫਰੰਟ ਡੈਸਕ 'ਤੇ ਜਾਓ।
   ਕੋਈ ਨੰਬਰ **ਨਾ ਲਵੋ।** ਸਟਾਫ਼ ਨੂੰ ਦੱਸੋ ਕਿ ਤੁਸੀਂ ਸਮਾਂ ਸੰਵੇਦਨਸ਼ੀਲ ਨਮੂਨਾ ਦੇਣ ਲਈ ਸਮਾਂ ਲਿਆ ਹੋਇਆ ਹੈ।

**ਨਮੂਨਾ ਲੈਣ ਦੀ ਮਿਤੀ ਅਤੇ ਸਮਾਂ: ______________(ਮਿਤੀ) __________________(ਸਮਾਂ)**

**ਮੈਂ ਉਪਰ ਦਿੱਤੀਆਂ ਸਾਰੀਆਂ ਹਿਦਾਇਤਾਂ ਨੂੰ ਸਮਝਦਾ ਹਾਂ ਅਤੇ ਇਹਨਾਂ ਦੀ ਪਾਲਣਾ ਕੀਤੀ ਹੈ।**

**_______________________________________ ਦਸਤਖਤ  _________________ ਮਿਤੀ**

SEMEN ANALYSIS
PUNJABI (MAINLAND)
PAT-PR-051 www.lifelabs.com 22-MAR-2011